ਸੈਸ਼ਨ 2021-22

ਸ਼ੀਟ ਨੰ: 24

DEPARTMENT OF SCHOOL EDUCATION
Punjab (INDIA)

Punjab ICT Education Society

# ਈ-ਸ਼ਬਦ




## ਅੱਜ ਦਾ ਸ਼ਬਦ "ਸ਼ਾਰਟਕੱਟ"

**"ਸ਼ਾਰਟਕੱਟ"** ਦਾ ਜਿਵੇਂ ਨਾਂ ਤੋਂ ਹੀ ਪਤਾ ਚੱਲਦਾ ਹੈ, ਕਿਸੇ ਵੀ ਖਾਸ ਕੰਮ ਨੂੰ ਕਿਸੇ ਅਜਿਹੇ ਤਰੀਕੇ ਨਾਲ ਕਰਨਾ ਹੈ ਜਿਸ ਨਾਲ ਘੱਟ ਤੋਂ ਘੱਟ ਮਿਹਨਤ ਲੱਗੇ। ਕੰਪਿਊਟਰ ਜਾਂ ਹੋਰ ਡੀਜ਼ੀਟਲ ਕੰਪਿਊਟਿੰਗ ਉਪਕਰਣਾਂ ਦੇ ਖੇਤਰ ਵਿੱਚ ਸ਼ਾਰਟਕੱਟ ਇੱਕ ਆਸਾਨੀ ਨਾਲ ਵਰਤਿਆ ਜਾਣ ਵਾਲਾ ਲਿੰਕ ਹੁੰਦਾ ਹੈ ਜੋ ਕਿ ਕਿਸੇ ਵੀ ਸਾਫਟਵੇਅਰ ਪ੍ਰੋਗਰਾਮ , ਫਾਇਲ ਜਾਂ ਕਿਸੇ ਐਪਲੀਕੇਸ਼ਨ ਪੈਕੇਜ਼ ਦੇ ਕਿਸੇ ਹੋਰ ਟੂਲ ਤੱਕ ਪਹੁੰਚ ਨੂੰ ਆਸਾਨ ਬਣਾਉਂਦਾ ਹੈ।

ਅਸੀਂ ਸ਼ਾਰਟਕੱਟ ਨੂੰ ਕੰਪਿਊਟਰ ਦੇ ਖੇਤਰਾਂ ਵਿੱਚ ਇਸ ਪ੍ਰਕਾਰ ਦੋ ਕਿਸਮਾਂ ਵਿੱਚ ਵੰਡ ਸਕਦੇ ਹਾਂ:

1. **ਪ੍ਰੋਗਰਾਮ ਜਾਂ ਫਾਈਲ ਸ਼ਾਰਟਕੱਟ:** ਇਸ ਕਿਸਮ ਦੇ ਸ਼ਾਰਟਕੱਟ ਵਿਸ਼ੇਸ਼ ਕਿਸਮ ਦੀ ਫਾਈਲ ਦੇ ਰੂਪ ਵਿੱਚ ਹੁੰਦੇ ਹਨ ਜੋ ਕਿ ਕਿਸੇ ਹੋਰ ਪ੍ਰੋਗਰਾਮ ਜਾਂ ਫਾਈਲ ਤੱਕ ਪਹੁੰਚ ਕਰਵਾਉਂਦੇ ਹਨ। ਅਸੀਂ ਇਹਨਾਂ ਸ਼ਾਰਟਕੱਟ ਨੂੰ ਡੈਸਕਟਾਪ ਤੇ ਬਣਾ ਸਕਦੇ ਹਾਂ ਤਾਂ ਜੋ ਕਿਸੇ ਲੰਬੀ ਡਾਈਰੈਕਟਰੀ ਵਿੱਚ ਸਟੋਰ ਕੀਤੀਆਂ ਫਾਈਲਾਂ ਜਾਂ ਕਿਸੇ ਵੀ ਪ੍ਰੋਗਰਾਮ ਨੂੰ ਆਸਾਨੀ ਨਾਲ ਚਲਾਇਆ ਜਾ ਸਕੇ। ਇਸ ਕਿਸਮ ਦੇ ਸ਼ਾਰਟਕੱਟ ਦੀ ਵਰਤੋਂ ਕਰਨ ਦਾ ਇੱਕ ਹੋਰ ਫਾਇਦਾ ਇਹ ਹੁੰਦਾ ਹੈ ਕਿ ਇਹ ਆਸਾਨੀ ਨਾਲ ਪਹੁੰਚ ਕੀਤੀ ਜਾ ਸਕਣ ਵਾਲੀ ਜਗ੍ਹਾ ਦੇ ਹੋਣ ਕਾਰਨ ਜੇਕਰ ਕਦੇ ਗਲਤੀ ਨਾਲ ਡਲੀਟ ਹੋ ਜਾਣ ਤਾਂ ਕੇਵਲ ਸ਼ਾਰਟਕੱਟ ਹੀ ਡਿਲੀਟ ਹੁੰਦਾ ਹੈ। ਉਸ ਨਾਲ ਸੰਬੰਧਤ ਪ੍ਰੋਗਰਾਮ ਜਾਂ ਫਾਈਲ ਆਪਣੀ ਅਸਲ ਜਗ੍ਹਾ ਤੇ ਸੁਰੱਖਿਅਤ ਰਹਿੰਦੀ ਹੈ।
2. **ਸ਼ਾਰਟਕੱਟ ਕੀਅਜ਼:** ਸ਼ਾਰਟਕੱਟ ਕੀਅਜ਼ ਸਾਨੂੰ ਕਿਸੇ ਵੀ ਕਮਾਂਡ ਜਾਂ ਕੋਈ ਟੂਲ ਨੂੰ ਲਾਗੂ ਕਰਨ ਦਾ ਆਸਾਨ ਤੇ ਬਹੁਤ ਹੀ ਜਲਦੀ ਵਰਤਿਆ ਜਾਣ ਵਾਲਾ ਤਰੀਕਾ ਮੁਹੱਇਆ ਕਰਵਾਉਂਦੇ ਹਨ। ਸ਼ਾਰਟਕੱਟ ਕੀਅਜ਼ ਦੀ ਵਰਤੋਂ Alt ਕੀਅ, Ctrl ਕੀਅ ਜਾਂ Shift ਕੀਅ ਦੇ ਸੁਮੇਲ ਨਾਲ ਕੀਤੀ ਜਾਂਦੀ ਹੈ। ਉਦਾਹਰਣ ਦੇ ਤੌਰ ਤੇ ਜਿਆਦਾਤਰ ਐਪਲੀਕੇਸ਼ਨ ਪ੍ਰੋਗਰਾਮਾਂ ਵਿੱਚ "Ctrl+P" ਦੀ ਵਰਤੋਂ ਪ੍ਰਿੰਟ ਕਰਨ ਲਈ ਕੀਤੀ ਜਾਂਦੀ ਹੈ।

## Word of the Day is "**Shortcuts**"

"**Shortcut**" as per name implies, is a method of doing any particular task of action with minimum efforts. In the field of Computer or digital Computing devices, a shortcut is an easily accessible link to a software programs, file or any tool of an application package.

We can classify shortcuts in computer field as two types:

1. **Program or file shortcut:** This type of shortcut is a special type of file that points to another Program or file. We can place shortcuts on the desktop to conveniently access programs or files that may be stored deep in the directory structure. One more benefit of using shortcut at easily approachable location like desktop is that, if accidently the shortcut is being deleted then the actual file remains safe at it's original location.
2. **Shortcut Keys:** Shortcut key helps in providing an easier and quicker method of executing commands or applying a tool in the computer software. Shortcut keys are used with the Alt key, Ctrl key or Shift key in conjunction with another key. For example "Ctrl+P" is used for Print in most of the applications.

## ਰੋਚਕ ਤੱਥ:-

**ਜਦੋਂ ਅਸੀਂ ਟਾਇਪ ਕਰਦੇ ਹੋਏ ਸਪੇਸਬਾਰ ਦੀ ਵਰਤੋਂ ਕਰਦੇ ਹਾਂ ਤਾਂ ਉਸੇ ਸਮੇਂ ਪੂਰੇ ਸੰਸਾਰ ਵਿੱਚ ਲੱਗਭਗ 6 ਲੱਖ ਲੋਕ ਵੀ ਅਜਿਹਾ ਕਰ ਰਹੇ ਹੁੰਦੇ ਹਨ।**

## Interesting Facts:-

**When we hit spacebar during typing then approximately 6 Lakh people in the world did just the same.**

ਸੰਬੰਧਤ ਈ-ਸ਼ਬਦ ਦੀ ਵੀਡੀਓ ਦੇਖਣ ਲਈ ਲਿੰਕ ਕੇ ਕਲਿੱਕ ਕਰੋ: https://youtu.be/ggUpJj1MbA4


**D.M.: Mohd. Aarif (Sangrur)**

**Sukhwinder Singh (GSSS(G), Sunam Udham Singh Wala)**